# ਟੈਰੇਸ ਵਿੱਚ ਮਨੁੱਖੀ ਅਧਿਕਾਰ

## ਟੈਰੇਸ

**12,000**
ਲੋਕਾਂ ਦਾ ਘਰ ਹੈ

ਜਦੋਂ ਕਿ ਆਲੇ ਦੁਆਲੇ ਦੇ ਇਲਾਕੇ ਵਿੱਚ ਲਗਭਗ 19,000 ਲੋਕਾਂ ਦੀ ਆਬਾਦੀ ਹੈ।



ਟੈਰੇਸ ਸ਼ਹਿਰ ਦੇ 22% ਵਸਨੀਕ ਮੂਲਵਾਸੀ (ਇਨਡਿਜਨਸ)

11% ਲੋਕ ਵੱਖਰੀ ਦਿੱਖ ਵਾਲੇ (ਵਿਜ਼ੀਬਲ) ਘੱਟ ਗਿਣਤੀ ਲੋਕ ਹਨ।

## ਟਰੇਸ ਵਿੱਚ ਰਿਹਾਇਸ਼ ਅਤੇ ਗਰੀਬੀ ਮਨੁੱਖੀ ਅਧਿਕਾਰਾਂ ਦੇ ਪ੍ਰਮੁੱਖ ਮੁੱਦੇ ਹਨ

### ਬੇਘਰੇ ਲੋਕਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ

ਸਾਲ 2023 ਵਿਚ ਟੈਰੇਸ ਦੇ ਬੇਘਰੇ ਲੋਕਾਂ ਦੀ ਗਿਣਤੀ ਵੇਲੇ 156 ਲੋਕ ਬੇਘਰੇ ਸਨ ਜੋ ਕਿ 2022 ਵਿੱਚਲੇ ਨੰਬਰ 107 ਤੋਂ ਵੱਧ ਹੈ।

ਟੈਰੇਸ ਵਿੱਚ ਬੇਘਰੇ ਲੋਕਾਂ ਵਿੱਚੋਂ 84 ਪ੍ਰਤੀਸ਼ਤ ਮੂਲਵਾਸੀ ਲੋਕ ਹਨ, ਜਦ ਕਿ ਉਹ ਆਮ ਆਬਾਦੀ ਦਾ ਸਿਰਫ 22 ਪ੍ਰਤੀਸ਼ਤ ਹਨ।

## ਟੈਰੇਸ ਵਿਚ ਹੈਲਥ ਕੇਅਰ ਤੱਕ ਪਹੁੰਚ ਮਨੁੱਖੀ ਅਧਿਕਾਰਾਂ ਦਾ ਮੁੱਦਾ ਹੈ

ਫੈਮਿਲੀ ਡਾਕਟਰਾਂ ਦੀ ਭਰਤੀ ਅਤੇ ਸ਼ਹਿਰ ਵਿਚ ਲੰਮੇ ਸਮੇ ਲਈ ਰੱਖਣਾ ਭਾਈਚਾਰੇ ਲਈ ਚੁਣੌਤੀ ਹੈ। ਟੈਰੇਸ ਵਿੱਚ 2025 ਵਿੱਚ ਇੱਕ ਨਵਾਂ ਖੇਤਰੀ ਹਸਪਤਾਲ ਖੁੱਲ੍ਹਣ ਵਾਲਾ ਹੈ। ਪਰ ਨਵੇਂ ਲੋਕਾਂ ਦੀ ਭਰਤੀ ਤੇ ਉਨ੍ਹਾਂ ਨੂੰ ਸ਼ਹਿਰ ਵਿਚ ਰੱਖ ਸਕਣ ਦੀਆਂ ਮੁਸ਼ਕਲਾਂ ਦੇ ਹੁੰਦਿਆਂ ਇਹ ਚਿੰਤਾ ਵਾਲੀ ਗੱਲ ਹੈ ਕਿ ਨਵੇਂ ਹਸਪਤਾਲ ਵਿੱਚ ਕੰਮ ਕਰਨ ਵਾਲੇ ਲੋਕ ਕਿੱਥੋਂ ਆਉਣਗੇ।

ਇਨਡਿਜਨਸ ਲੋਕਾਂ, ਬੇਘਰੇ ਲੋਕਾਂ, ਮਾਨਸਿਕ ਸਿਹਤ ਦੀਆਂ ਚੁਣੌਤੀਆਂ ਵਾਲੇ ਲੋਕਾਂ ਅਤੇ ਨਸ਼ਿਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਨਾਲ ਹੁੰਦਾ ਵਿਤਕਰਾ ਸਮਾਜ ਵਿੱਚ ਉਪਲਬਧ ਸਿਹਤ ਸੇਵਾਵਾਂ ਤੱਕ ਪਹੁੰਚ ਵਿੱਚ ਰੁਕਾਵਟ ਹੈ।

### ਜ਼ਹਿਰੀਲੇ ਡਰੱਗਾਂ ਦੀ ਐਮਰਜੈਂਸੀ

ਸਾਲ 2022 ਦੌਰਾਨ, ਬੀ ਸੀ ਵਿੱਚ ਡਰੱਗ ਦੀ ਵਰਤੋਂ ਕਾਰਨ ਹੋਣ ਵਾਲੀਆਂ ਅਨਿਯਮਿਤ (ਅਨਰੇਗੂਲੇਟਿਡ) ਮੌਤਾਂ ਵਿੱਚ ਟੈਰੇਸ ਦੂਜੇ ਨੰਬਰ 'ਤੇ ਸੀ। ਸਾਲ 2015 ਤੋਂ 2023 ਤੱਕ, ਟੈਰੇਸ ਵਿੱਚ 92 ਲੋਕਾਂ ਦੀ ਜ਼ਹਿਰੀਲੀ ਡਰੱਗ ਦੀ ਸਪਲਾਈ ਕਾਰਨ ਮੌਤ ਹੋਈ।

ਡੀਟੌਕਸ ਅਤੇ ਨਸ਼ਾ ਮੁਕਤੀ ਦੇ ਇਲਾਜ ਲਈ, ਲੋਕਾਂ ਨੂੰ ਅਕਸਰ ਟੈਰੇਸ ਤੋਂ ਵੈਨਕੂਵਰ (16 ਘੰਟੇ) ਜਾਂ ਪ੍ਰਿੰਸ ਜਾਰਜ (10 ਘੰਟੇ) ਤੱਕ ਬੱਸ ਰਾਹੀਂ ਸਫਰ ਕਰਨਾ ਪੈਂਦਾ ਹੈ।

British Columbia's
Office of the Human Rights Commissioner

[Punjabi]

### ਲਿੰਗ-ਭੇਦ ਆਧਾਰਿਤ ਹਿੰਸਾ



ਟੈਰੇਸ ਵਿੱਚ ਰੀਸੋਰਸ ਸੈਕਟਰ ਨਾਲ ਜੁੜੀ ਲਿੰਗ-ਭੇਦ ਅਧਾਰਿਤ ਹਿੰਸਾ ਮਨੁੱਖੀ ਅਧਿਕਾਰਾਂ ਦਾ ਮੁੱਦਾ ਹੈ। ਇਨਡਿਜਨਸ ਔਰਤਾਂ ਮਦਦ ਲੈਣ ਦੀ ਕੋਸ਼ਿਸ਼ ਕਰਨ ਵੇਲੇ ਸਿਹਤ ਸੰਭਾਲ ਦੇਣ ਵਾਲਿਆਂ ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਤੋਂ ਵਿਤਕਰੇ ਦਾ ਸ਼ਿਕਾਰ ਹੁੰਦੀਆਂ ਹਨ।

## ਸਿੱਖਿਆ ਵਿੱਚ ਵਿਤਕਰਾ

ਟੈਰੇਸ ਵਿੱਚ ਇਨਡਿਜਨਸ ਵਿਦਿਆਰਥੀਆਂ, ਅਪਾਹਜ ਵਿਦਿਆਰਥੀਆਂ ਅਤੇ LGBTQ2SAI+ ਵਿਦਿਆਰਥੀਆਂ ਨਾਲ ਹੁੰਦਾ ਨਾਬਰਾਬਰੀ ਵਾਲਾ ਸਲੂਕ ਟੈਰੇਸ ਵਿੱਚ ਸਿੱਖਿਆ ਪ੍ਰਾਪਤ ਕਰਨ ਵਿੱਚ ਵੱਡੀ ਰੁਕਾਵਟ ਹੈ।

## ਬੀ ਸੀ ਦੇ ਮਨੁੱਖੀ ਅਧਿਕਾਰ ਕਮਿਸ਼ਨਰ ਦੇ ਦਫ਼ਤਰ (BCOHRC) ਬਾਰੇ

ਬੀ ਸੀ ਦੇ *ਹਿਊਮਨ ਰਾਈਟਸ ਕੋਡ* ਅਧੀਨ, ਬੀ ਸੀ ਦਾ ਹਿਊਮਨ ਰਾਈਟਸ ਕਮਿਸ਼ਨਰ ਸੂਬੇ ਵਿੱਚ ਮਨੁੱਖੀ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਅਤੇ ਉਹਨਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ। ਬੀ ਸੀ ਦੇ ਹਿਊਮਨ ਰਾਈਟਸ ਕਮਿਸ਼ਨਰ ਦਾ ਦਫ਼ਤਰ (BCOHRC) ਅਸਮਾਨਤਾ, ਵਿਤਕਰੇ ਅਤੇ ਬੇਇਨਸਾਫ਼ੀ ਤੋਂ ਮੁਕਤ ਸੂਬੇ ਦੀ ਕਲਪਨਾ ਕਰਦਾ ਹੈ, ਜਿੱਥੇ ਅਸੀਂ ਸਾਰਿਆਂ ਲਈ ਮਨੁੱਖੀ ਅਧਿਕਾਰਾਂ ਨੂੰ ਬਰਕਰਾਰ ਰੱਖਦੇ ਹਾਂ ਅਤੇ ਇੱਕ ਦੂਜੇ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੇ ਹਾਂ। ਸਾਡੀ ਵੈੱਬਸਾਈਟ bchumanrights.ca ’ਤੇ ਸਾਡੇ ਦਫ਼ਤਰ ਬਾਰੇ ਹੋਰ ਜਾਣੋ।

### ਟੈਰੇਸ ਵਿੱਚ BCOHRC ਬੇਸਲਾਈਨ ਪ੍ਰੋਜੈਕਟ

BCOHRC ਬੇਸਲਾਈਨ ਪ੍ਰੋਜੈਕਟ ਬੀ ਸੀ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਾਰੇ ਜਾਣਨ ਲਈ ਇੱਕ ਬਹੁ-ਸਾਲਾ ਕਮਿਊਨਿਟੀ ਖੋਜ ਪ੍ਰੋਜੈਕਟ ਹੈ। ਟੈਰੇਸ ਭਾਗ ਲੈਣ ਵਾਲੇ ਚਾਰ ਭਾਈਚਾਰਿਆਂ ਵਿੱਚੋਂ ਇੱਕ ਸੀ। ਇਹ ਕੰਮ ਟੈਰੇਸ ਦੇ ਕਮਿਊਨਿਟੀ ਸਹਿਯੋਗੀਆਂ ਤੋਂ ਬਿਨਾਂ ਸੰਭਵ ਨਹੀਂ ਸੀ: ਟੈਰੇਸ ਅਤੇ ਕਮਿਊਨਿਟੀ ਡਿਸਟ੍ਰਿਕਟ ਸੋਸ਼ਲ ਸਰਵਿਸਿਜ਼ ਅਤੇ ਟੈਰੇਸ ਚੈਪਟਰ ਆਫ ਦਾ ਕਾਉਂਸਿਲ ਆਫ਼ ਕੈਨੇਡੀਅਨਜ਼।

ਟੈਰੇਸ ਦੀ ਮਨੁੱਖੀ ਅਧਿਕਾਰਾਂ ਦੀ ਕਹਾਣੀ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਟੈਰੇਸ ਕਮਿਊਨਿਟੀ ਬ੍ਰੀਫ ਨਾਲ baseline.bchumanrights.ca/terrace ’ਤੇ ਸੰਪਰਕ ਕਰੋ।